ਸੇਵਾ ਵਿਖੇ

1. ਪੰਜਾਬ ਰਾਜ ਦੇ ਸਮੂਹ ਜਿਲ੍ਹਾ ਸਿੱਖਿਆ ਅਫਸਰ (ਸੈ:ਸਿ) (ਐ:ਸਿ)।
2. ਪ੍ਰਿੰਸੀਪਲ ਡਾਈਟਸ
3. ਪ੍ਰਿੰਸੀਪਲ ਸਰਕਾਰੀ ਕਾਲਜ
4. ਸਮੂਹ ਪ੍ਰਿੰਸੀਪਲ/ਮੁੱਖ ਅਧਿਆਪਕ/ਮੁੱਖ ਅਧਿਆਪਕਾ, ਸਰਕਾਰੀ ਸੀਨੀਅਰ ਸੈਕੰਡਰੀ ਸਕੂਲ/ਸਰਕਾਰੀ ਹਾਈ ਸਕੂਲਜ।
5. ਪ੍ਰਾਈਵੇਟ ਏਡਿਡ ਸਕੂਲ/ ਮਾਨਤਾ ਪ੍ਰਾਪਤ ਸਕੂਲਾਂ ਦੇ ਮੁੱਖੀ।

ਮੀਮੋ ਨੰ: 1/1-2016 ਸ੍ਰ.ਰਿਕਾਰਡ/ 201816893

ਮਿਤੀ: 22/05/18

ਵਿਸ਼ਾ:- ਪੰਜਾਬ ਸਿੱਖਿਆ ਵਿਭਾਗ ਤੋਂ ਭੇਜੀ ਜਾਣ ਵਾਲੀ ਡਾਕ ਲਈ ਹਰ ਇੱਕ ਸਕੂਲ/ਸੰਸਥਾ/ਦਫਤਰ ਅਤੇ ਕਰਮਚਾਰੀ/ ਰਿਟਾਇਰੀ ਦੀ ਈਮੇਲ ਆਈ.ਡੀ ਭੇਜਣ ਬਾਰੇ।

ਪੰਜਾਬ ਰਾਜ ਦੇ ਸਿੱਖਿਆ ਵਿਭਾਗ (ਸਕੂਲ ਸਿੱਖਿਆ) ਤੋਂ ਵੱਖ-ਵੱਖ ਸਕੂਲਾਂ/ਸੰਸਥਾਵਾਂ/ ਦਫਤਰਾਂ/ ਸਬੰਧਤ ਵਿਅਕਤੀਆਂ/ ਅਧਿਕਾਰੀਆਂ/ ਕਰਮਚਾਰੀਆਂ/ ਰਿਟਾਇਰੀਜ ਨੂੰ ਡਿਸਪੈਚ ਭੇਜੀ ਜਾਂਦੀ ਹੈ। ਕਈ ਵਾਰੀ ਇਹ ਡਾਕ ਸਰਕਾਰੀ ਟਿਕਟਾਂ ਦੀ ਘਾਟ ਹੋਣ ਕਾਰਨ ਜਾਂ ਕਿਸੇ ਹੋਰ ਕਾਰਨ ਕਰਕੇ ਭੇਜਣ ਵਿੱਚ ਦੇਰੀ ਹੋ ਜਾਂਦੀ ਹੈ। ਇਹ ਡਾਕ ਸਬੰਧਤ ਜਿਲ੍ਹਾ ਸਿੱਖਿਆ ਅਫਸਰਾਂ ਦੇ ਰਾਹੀਂ ਭੇਜੀ ਜਾਂਦੀ ਹੈ ਜੋ ਕਿ ਸਬੰਧਤ ਕੋਲ ਪੁੱਜਦੀ ਹੋਣ ਵਿੱਚ ਕਾਫੀ ਸਮਾਂ ਲੱਗ ਜਾਂਦਾ ਹੈ।

ਵਿਭਾਗ ਵੱਲੋਂ ਡਿਸਪੈਚ ਸਕੈਨਡ ਕਾਪੀ, ਈ-ਮੇਲ ਰਾਹੀਂ ਜਿਲ੍ਹਾ ਸਿੱਖਿਆ ਅਫਸਰਾਂ ਨੂੰ ਭੇਜੀ ਜਾਂਦੀ ਹੈ ਜੋ ਕਿ ਸਬੰਧਤ ਸਕੂਲ ਮੁੱਖੀ/ ਕਰਮਚਾਰੀ ਤੱਕ ਪੁੱਜਣ ਵਿੱਚ ਸਮਾਂ ਲੱਗ ਜਾਂਦਾ ਹੈ। ਇਸ ਮੰਤਵ ਲਈ ਇਹ ਲਿਖਿਆ ਜਾਂਦਾ ਹੈ ਕਿ ਹਰ ਇੱਕ ਵਿਅਕਤੀ/ ਕਰਮਚਾਰੀ/ ਅਧਿਕਾਰੀ/ ਰਿਟਾਇਰੀ ਜਦੋਂ ਵੀ ਵਿਭਾਗ ਨਾਲ ਲਿਖਾ ਪੜੀ ਕਰਦਾ ਹੈ ਤਾਂ ਹਸਤਾਖਰਾਂ ਦੇ ਨਾਲ ਆਪਣੀ ਈ-ਮੇਲ ਆਈ.ਡੀ ਅਤੇ ਮੋਬਾਇਲ ਨੰਬਰ ਜਰੂਰ ਲਿਖਣ ਤਾਂ ਜੋ ਵਿਭਾਗ ਵੱਲੋਂ ਭੇਜੇ ਜਾਣ ਵਾਲੇ ਪੱਤਰ ਈ-ਮੇਲ ਰਾਹੀਂ ਉਨ੍ਹਾਂ ਨੂੰ ਤੁਰੰਤ ਭੇਜੇ ਜਾ ਸਕਣ।

ਇਸ ਤੋਂ ਇਲਾਵਾ ਜਿਲ੍ਹਾ ਸਿੱਖਿਆ ਅਫਸਰ (ਸੈ:ਸਿ)/(ਐ:ਸਿ), ਪ੍ਰਿੰਸੀਪਲ ਡਾਈਟਸ, ਪ੍ਰਿੰਸੀਪਲ ਸਰਕਾਰੀ ਕਾਲਜ, ਪ੍ਰਿੰਸੀਪਲ ਸਰਕਾਰੀ ਸਕੂਲਜ/ ਮੁੱਖ ਅਧਿਆਪਕ ਆਪਣੀ ਮੋਹਰ ਦੇ ਨਾਲ ਈਮੇਲ ਆਈ.ਡੀ ਜਰੂਰ ਦਰਜ ਕਰਨ। ਇਸ ਤੋਂ ਇਲਾਵਾ ਪ੍ਰਾਈਵੇਟ ਏਡਿਡ ਜਾਂ ਮਾਨਤਾ ਪ੍ਰਾਪਤ ਸਕੂਲਾਂ ਦੇ ਮੁੱਖੀ ਵੀ ਆਪਣੀ ਮੋਹਰ ਦੇ ਨਾਲ ਆਪਣੀ ਈਮੇਲ ਆਈ.ਡੀ ਜਰੂਰ ਲਿਖਣ। ਅਜਿਹਾ ਕਰਨ ਨਾਲ ਵਿਭਾਗ ਵੱਲੋਂ ਭੇਜੀ ਜਾਣ ਵਾਲੀ ਡਾਕ ਭੇਜਣ ਵਿੱਚ ਮੁਸ਼ਕਲ ਨਹੀਂ ਆਵੇਗੀ ਅਤੇ ਸਮੇਂ ਦੀ ਵੀ ਬਚਤ ਹੋਵੇਗੀ।

ਉਪਰੋਕਤ ਹਦਾਇਤਾਂ ਦੀ ਇੰਨ ਬਿੰਨ ਪਾਲਣਾਂ ਕਰਨੀ ਯਕੀਨੀ ਬਣਾਈ ਜਾਵੇ।

ਡਾਇਰੈਕਟਰ ਸਿੱਖਿਆ ਵਿਭਾਗ (ਸੈ:ਸਿ) ਪੰਜਾਬ
ਮਿਤੀ, ਐਸ.ਏ.ਐਸ ਨਗਰ 22/05/18

ਪਿੱਠ ਅੰਕਣ ਨੰ: ਉਕਤ

ਉਤਾਰਾ ਸਮੂਹ ਸ਼ਾਖਾ ਅਧਿਕਾਰੀ/ਸ਼ਾਖਾ ਮੁੱਖੀਆਂ ਨੂੰ ਭੇਜ ਕੇ ਲਿਖਿਆ ਜਾਂਦਾ ਹੈ ਕਿ ਡਿਸਪੈਚ ਕੀਤੇ ਜਾਣ ਵਾਲੇ ਪੱਤਰਾਂ ਵਿੱਚ ਸਬੰਧਤ ਸਕੂਲ/ ਕਰਮਚਾਰੀ ਦੀ ਈ-ਮੇਲ ਆਈ.ਡੀ ਜਰੂਰ ਦਰਜ ਕੀਤੀ ਜਾਵੇ।

ਡਾਇਰੈਕਟਰ ਸਿੱਖਿਆ ਵਿਭਾਗ (ਸੈ:ਸਿ) ਪੰਜਾਬ

ਦਫਤਰ ਜ਼ਿਲ੍ਹਾ ਸਿੱਖਿਆ ਅਫਸਰ (ਸੈ.ਸਿ) ਮਾਨਸਾ
ਪਿੱਠ ਅੰਕਣ ਨੰ: ਜੀ-III (C) 2018-19/3522 ਮਿਤੀ ਮਾਨਸਾ 29/5/18
ਉਪਰੋਕਤ ਦਾ ਉਤਾਰਾ ਜ਼ਿਲ੍ਹੇ ਦੇ ਸਮੂਹ ਸਰਕਾਰੀ/ਗੈਰ ਸਰਕਾਰੀ, ਪ੍ਰਾਈਵੇਟ, ਏਡਿਡ, ਸਕੂਲਾਂ ਨੂੰ ਸੂਚਨਾ ਅਤੇ ਲੋੜੀਂਦੀ ਕਾਰਵਾਈ ਹਿੱਤ ਭੇਜਿਆ ਜਾਂਦਾ ਹੈ।

29/05/18
ਜ਼ਿਲ੍ਹਾ ਸਿੱਖਿਆ ਅਫਸਰ (ਸੈ.ਸਿ) ਮਾਨਸਾ

ਦਫਤਰ ਡਾਇਰੈਕਟਰ ਸਿੱਖਿਆ ਵਿਭਾਗ (ਸੈ.ਸਿ) ਪੰਜਾਬ, ਸ.ਅ.ਸ ਨਗਰ
(ਸੈਕੰਡਰੀ ਸਿੱਖਿਆ ਸ਼ਾਖਾ)

4691
28/5/18

ਸੇਵਾ ਵਿਖੇ

885
28.5.18

ਸਮੂਹ ਜਿਲ੍ਹਾ ਸਿੱਖਿਆ ਅਫਸਰ (ਸੈ.ਸਿ)
ਸਮੂਹ ਸਕੂਲ ਮੁੱਖੀ (ਵੈਬਸਾਇਟ ਰਾਹੀਂ),
ਪੰਜਾਬ।

ਮੀਮੋ ਨੰ: 13/7-18 ਸੈ.ਸਿ (4)|201817568
ਮਿਤੀ, ਸ.ਅ.ਸ. ਨਗਰ: 25/5/18

ਵਿਸ਼ਾ:- 15 ਮਈ ਤੋਂ 5 ਜੂਨ 2018 ਤੱਕ "World Environment Day" ਮਨਾਉਣ ਸਬੰਧੀ।

ਉਪਰੋਕਤ ਵਿਸ਼ੇ ਸਬੰਧੀ ਭਾਰਤ ਸਰਕਾਰ ਵਲੋਂ 15 ਮਈ ਤੋਂ 5 ਜੂਨ 2018 ਤੱਕ "World Environment Day" ਮਨਾਇਆ ਜਾ ਰਿਹਾ ਹੈ। ਆਪ ਨੂੰ ਲਿਖਿਆ ਜਾਂਦਾ ਹੈ ਕਿ ਸਕੂਲਾਂ ਵਿੱਚ ਇਸ ਸਬੰਧੀ ਗਤੀਵਿਧੀਆਂ ਕਰਵਾ ਕੇ ਇਸ ਉਤਸਵ ਨੂੰ ਮਨਾਇਆ ਜਾਵੇ ਅਤੇ ਜੇਕਰ ਪੰਜਾਬ ਸਟੇਟ ਕੌਂਸਲ ਫਾਰ ਸਾਇੰਸ ਅਤੇ ਟੈਕਨਾਲੋਜੀ ਵਲੋਂ ਕਿਸੇ ਵੀ ਗਤੀਵਿਧੀ ਜਾਂ ਵਿਦਿਆਰਥੀਆਂ ਨੂੰ ਬੁਲਾਉਣ ਲਈ ਕਿਹਾ ਜਾਂਦਾ ਹੈ ਤਾਂ ਉਹਨਾਂ ਨੂੰ ਪੂਰਾ ਸਹਿਯੋਗ ਦਿੱਤਾ ਜਾਵੇ।

ਨੱਥੀ:- ਭਾਰਤ ਸਰਕਾਰ ਦਾ ਪੱਤਰ।

28/5/18

ਸਹਾਇਕ ਡਾਇਰੈਕਟਰ (ਸੈ.ਸਿ)

2018-19| 3523 29/5/18

29/05/18